# ਪੰਜਾਬ ਸਕੂਲ ਸਿੱਖਿਆ ਬੋਰਡ

--------------------

## ਪਬਲਿਕ ਨੋਟਿਸ

ਆਨ ਲਾਈਨ ਰਜਿਸਟਰੇਸ਼ਨ /ਕੰਟੀਨਿਊਸ਼ਨ ਫਾਰਮ ਜੋ ਕਿ 24 ਮਈ, 2013 ਤੋਂ ਆਨ ਲਾਈਨ ਭਰੇ ਜਾ ਰਹੇ ਹਨ ਅਤੇ ਜਿਸਦੀ ਆਖਰੀ ਮਿਤੀ, ਬਿਨਾਂ ਲੇਟ ਫੀਸ 30 ਜੁਲਾਈ, 2013 ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਆਨ ਲਾਈਨ ਰਜਿਸਟਰੇਸ਼ਨ /ਕੰਟੀਨਿਊਸ਼ਨ ਫਾਰਮ ਭਰਨ ਸਬੰਧੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਜੋ ਸਕੂਲ ਟ੍ਰੇਨਿੰਗ ਲੈਣਾ ਚਾਹੁੰਦੇ ਹਨ ਨਿਮਨਲਿਖਤ ਜਿਲ੍ਹਾ ਵਾਰ ਸ਼ਡਿਊਲ ਅਨੁਸਾਰ, ਦਿੱਤੇ ਗਏ ਫੋਨ ਨੰ : 0172-3047160, 3047168, 3047355 ਤੇ ਟ੍ਰੇਨਿੰਗ ਲੈਣ ਲਈ ਸਹਿਮਤੀ ਦੇਣ:

| | | |
|---|---|---|
| ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਬਰਨਾਲਾ | 09-07-2013 | ਸਮਾਂ 2 ਘੰਟੇ (10:00 ਤੋ 12:00) |
| ਫਾਜਿਲਕਾ, ਫਿਰੋਜਪੁਰ, ਗੁਰਦਾਸਪੁਰ, ਸ਼੍ਰੀ ਅੰਮ੍ਰਿਤਸਰ ਸਾਹਿਬ | 09-07-2013 | ਸਮਾਂ 2 ਘੰਟੇ (12:00 ਤੋ 2:00) |
| ਲੁਧਿਆਣਾ, ਮੋਗਾ, ਐਸ.ਬੀ.ਐਸ ਨਗਰ, ਫਰੀਦਕੋਟ | 10-07-2013 | ਸਮਾਂ 2 ਘੰਟੇ (10:00 ਤੋ 12:00) |
| ਮਾਨਸਾ, ਸ਼੍ਰੀ ਮੁਕਤਸਰ ਸਾਹਿਬ, ਬਠਿੰਡਾ | 10-07-2013 | ਸਮਾਂ 2 ਘੰਟੇ (12:00 ਤੋ 2:00) |
| ਪਟਿਆਲਾ, ਰੂਪਨਗਰ, ਐੱਸ.ਏ.ਐੱਸ ਨਗਰ, ਚੰਡੀਗੜ੍ਹ ਤੇ ਦੂਜੇ ਰਾਜ, ਫਤਿਹਗੜ੍ਹ ਸਾਹਿਬ | 11-07-2013 | ਸਮਾਂ 2 ਘੰਟੇ (10:00 ਤੋ 12:00) |
| ਪਠਾਨਕੋਟ, ਸੰਗਰੂਰ, ਤਰਨਤਾਰਨ | 11-07-2013 | ਸਮਾਂ 2 ਘੰਟੇ (12:00 ਤੋ 2:00) |

ਉਪਰੋਕਤ ਬੋਰਡ ਦੀ ਵੈਬਸਾਈਟ www.pseb.ac.in ਤੇ ਸ਼ਡਿਊਲ ਅਤੇ ਫੋਨ ਨੰਬਰ ਉਪਲੱਬਧ ਹਨ । ਕੇਵਲ ਸਹਿਮਤੀ ਦੇਣ ਵਾਲੇ ਸਕੂਲ ਹੀ ਸ਼ਡਿਊਲ ਮੁਤਾਬਕ ਟ੍ਰੇਨਿੰਗ ਲੈ ਸਕਣਗੇ। ਬਿਨ੍ਹਾਂ ਸਹਿਮਤੀ ਤੋਂ ਟ੍ਰੇਨਿੰਗ ਨਹੀਂ ਦਿੱਤੀ ਜਾਵੇਗੀ। ਰਜਿਸਟਰੇਸ਼ਨ /ਕੰਟੀਨਿਊਸ਼ਨ ਆਨ ਲਾਈਨ ਭਰਨ ਦੀ ਆਖਰੀ ਮਿਤੀ 30 ਜੁਲਾਈ, 2013 ਹੈ, ਇਸ ਉਪਰੰਤ ਬੋਰਡ ਵਲੋਂ ਨਿਰਧਾਰਤ ਜੁਰਮਾਨਾ ਰਾਸ਼ੀ ਨਾਲ ਆਨ-ਲਾਈਨ ਹੀ ਰਜਿਸਟਰੇਸ਼ਨ /ਕੰਟੀਨਿਊਸ਼ਨ ਪ੍ਰਾਪਤ ਕੀਤੀ ਜਾਵੇਗੀ। ਬੋਰਡ ਦੀ ਵੈਬਸਾਈਟ ਤੇ ਰਜਿਸਟਰੇਸ਼ਨ ਸੈਕਸ਼ਨ ਤਹਿਤ ਰਜਿਸਟਰੇਸ਼ਨ /ਕੰਟੀਨਿਊਸ਼ਨ ਸਬੰਧੀ ਹਦਾਇਤਾਂ , ਫੀਸਾਂ, ਜਿਲ੍ਹਾਂ ਦਫਤਰ ਵਿਖੇ ਫਾਰਮ ਜਮ੍ਹਾਂ ਕਰਵਾਉਣ ਦਾ ਸ਼ਡਿਊਲ (ਆਖਰੀ ਮਿਤੀ) ਅਤੇ ਆਨ-ਲਾਈਨ ਰਜਿਸਟਰੇਸ਼ਨ /ਕੰਟੀਨਿਊਸ਼ਨ ਭਰਨ ਲਈ help video ਵੀ ਸਕੂਲਾਂ ਦੀ ਸਹੂਲਤ ਹਿੱਤ ਮੁਹੱਈਆ ਕਰਵਾਈ ਗਈ ਹੈ।

ਵਾਈਸ ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ

ਨੋਟ: ਆਨ ਲਾਈਨ ਰਜਿਸਟਰੇਸ਼ਨ /ਕੰਟੀਨਿਊਸ਼ਨ ਫਾਰਮ ਭਰਨ ਸਬੰਧੀ ਟ੍ਰੇਨਿੰਗ **ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ** ਦੇ ਮੁੱਖ ਦਫਤਰ ਵਿੱਖੇ ਹੀ ਦਿੱਤੀ ਜਾਣੀ ਹੈ।